ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸਿੱਖਿਆ-6 ਸ਼ਾਖਾ

ਵੱਲ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ. (ਸੈ.ਸਿ/ਐ.ਸਿ),ਪੰਜਾਬ
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ. ਸਿੱ), ਪੰਜਾਬ
6. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ, ਪੰਜਾਬ

ਮੀਮੋ ਨੰ: ADC(i) SSE/2017/(IL)

ਮਿਤੀ, ਐਸ.ਏ.ਐਸ. ਨਗਰ 13.9.17

ਵਿਸ਼ਾ: **ਫੀਲਡ ਵਿੱਚੋਂ ਸੂਚਨਾ ਮੰਗਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਦੇ ਸਮੇਂ ਨੂੰ ਕੀਮਤੀ ਸਮਝਦੇ ਹੋਏ ਲਗਾਤਾਰ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹਨਾਂ ਤੋਂ ਬੇਲੋੜੀ ਡਾਕ ਨਾ ਮੰਗਵਾਈ ਜਾਵੇ ਅਤੇ ਨਾਨ-ਅਕਾਦਮਿਕ ਕਾਰਜਾਂ ਤੇ ਉਹਨਾਂ ਦਾ ਸਮਾਂ ਖਰਾਬ ਨਾ ਹੋਵੇ, ਤਾਂ ਜੋ ਉਹ ਵੱਧ ਤੋਂ ਵੱਧ ਸਮਾਂ ਵਿਦਿਆਰਥੀਆਂ ਦੀ ਸਿੱਖਣ-ਸਿਖਾਉਣ ਪ੍ਰਕਿਰਿਆ ਨੂੰ ਦੇ ਸਕਣ। ਵਿਭਾਗ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲਾਂ ਸਬੰਧੀ ਲੱਗਭਗ ਸਾਰਾ ਡਾਟਾ ਆੱਨਲਾਈਨ ਕਰ ਲਿਆ ਹੈ ਜੋ ਕਿ ਵਿਭਾਗ ਦੀ ਵੈੱਬਸਾਈਟ ਤੇ ਉਪਲਬਧ ਹੈ। ਜਿਹੜੇ ਕੰਮ ਸਕੂਲਾਂ ਵੱਲੋਂ ਮੈਨੂਅਲੀ ਕੀਤੇ ਜਾ ਰਹੇ ਹਨ, ਵਿਭਾਗ ਉਹਨਾਂ ਨੂੰ ਵੀ ਆੱਨਲਾਈਨ ਕਰਨ ਲਈ ਯਤਨਸ਼ੀਲ ਹੈ। ਜੇਕਰ ਕੋਈ ਜਾਣਕਾਰੀ ਲਈ ਜਾਣੀ ਜ਼ਰੂਰੀ ਹੁੰਦੀ ਹੈ ਤਾਂ ਉਸ ਨੂੰ ਵੈੱਬਸਾਈਟ ਤੇ ਅੱਪਡੇਟ ਕਰਵਾਇਆ ਜਾਂਦਾ ਹੈ ਜਾਂ ਟੈਲੀਫੋਨ, ਈ.ਮੇਲ, ਵੱਟਸਐਪ ਰਾਹੀਂ ਮੰਗਵਾਇਆ ਜਾਂਦਾ ਹੈ।

3.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਹੈੱਡਕੁਆਰਟਰ, ਮੰਡਲ ਸਿੱਖਿਆ ਦਫਤਰਾਂ, ਜ਼ਿਲ੍ਹਾ ਸਿੱਖਿਆ ਦਫਤਰਾਂ ਅਤੇ ਬਲਾਕ ਸਿੱਖਿਆ ਦਫਤਰਾਂ ਵੱਲੋਂ ਫੀਲਡ ਵਿੱਚੋਂ ਸੂਚਨਾ ਅਜੇ ਵੀ ਪੱਤਰਾਂ ਰਾਹੀਂ ਅਤੇ ਕਈ ਵਾਰੀ ਦਸਤੀ ਮੰਗਵਾਈ ਜਾ ਰਹੀ ਹੈ, ਜਿਸ ਨਾਲ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਦਾ ਸਮਾਂ ਖਰਾਬ ਹੋਣ ਦੇ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵੀ ਪ੍ਰਭਾਵਿਤ ਹੁੰਦੀ ਹੈ।

4.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚੋਂ ਲਈ ਜਾਣ ਵਾਲੀ ਜਾਣਕਾਰੀ ਨੂੰ ਪੱਤਰਾਂ ਰਾਹੀਂ/ਦਸਤੀ ਮੰਗਵਾਉਣ ਤੋਂ ਗੁਰੇਜ਼ ਕੀਤਾ ਜਾਵੇ। ਜੇਕਰ ਵਿਭਾਗ ਨੂੰ ਕਿਸੇ ਪੱਧਰ ਤੇ ਜਾਣਕਾਰੀ ਮੰਗਵਾਉਣ ਦੀ ਲੋੜ ਹੈ ਤਾਂ ਪਹਿਲਾਂ ਐਮ.ਆਈ.ਐਸ. ਵਿੰਗ ਤੋਂ ਇਸ ਦਾ ਪਤਾ ਕੀਤਾ ਜਾਵੇ ਕਿ ਕੀ ਮੰਗੀ ਜਾਣ ਵਾਲੀ ਜਾਣਕਾਰੀ ਵੈੱਬਸਾਈਟ ਤੇ ਉਪਲਬਧ ਹੈ? ਜੇਕਰ ਉਪਲਬਧ ਹੈ ਤਾਂ ਜਾਣਕਾਰੀ ਵੈੱਬਸਾਈਟ ਤੋਂ ਹੀ ਲੈ ਲਈ ਜਾਵੇ। ਜੇਕਰ ਜਾਣਕਾਰੀ ਦਸਤੀ ਮੰਗਵਾਉਣਾ ਜ਼ਰੂਰੀ ਹੈ ਤਾਂ ਜਾਣਕਾਰੀ ਮੰਗਵਾਉਣ ਤੋਂ ਪਹਿਲਾਂ ਸਕੱਤਰ, ਸਕੂਲ ਸਿੱਖਿਆ ਪਾਸੋਂ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇ।

5.0 ਇਹਨਾਂ ਹੁਕਮਾਂ ਦੀ ਇੰਨ-ਬਿੰਨ੍ਹ ਪਾਲਣਾ ਕੀਤੀ ਜਾਵੇ।

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਸਕੱਤਰ, ਸਕੂਲ ਸਿੱਖਿਆ